## ਅਧਿਆਇ 17

# ਅੱਯੂਬ ਦਾ ਉੱਤਰ

## (ਭਾਗ 2)

## "ਕਬਰ ਮੇਰੇ ਲਈ ਤਿਆਰ ਹੈ" (17:1, 2)

**[1]ਮੇਰਾ ਆਤਮਾ ਤਬਾਹ ਹੋ ਗਿਆ, ਮੇਰੇ ਦਿਨ ਮੁੱਕ ਗਏ, ਕਬਰ ਮੇਰੇ ਲਈ ਤਿਆਰ ਹੈ। [2]ਨਿਸੰਗ ਮੇਰੇ ਕੋਲ ਠੱਠਾ ਕਰਨ ਵਾਲੇ ਹਨ, ਅਤੇ ਮੇਰੀ ਨਿਗਾਹ ਉਨ੍ਹਾਂ ਦੀ ਛੇੜ ਛਾੜ ਤੇ ਟਿਕੀ ਹੋਈ ਹੈ।**

**ਆਇਤ 1.** ਅੱਯੂਬ ਨੇ ਆਪਣੀ ਡੂੰਘੀ ਨਿਰਾਸ਼ਾ ਨੂੰ ਅਸਲ ਭਾਸ਼ਾ ਵਿਚ ਛੇ ਛੋਟੇ ਸ਼ਬਦਾਂ ਵਿਚ ਪਰਗਟ ਕੀਤਾ। ਉਸ ਦਾ **ਆਤਮਾ** ਕੁਚਲਿਆ ਹੋਇਆ ਸੀ ਅਤੇ ਉਸ ਦੇ **ਦਿਨ** ਮੁੱਕ ਗਏ ਸਨ (ਵੇਖੋ 7:6; 9:25; 10:20)। ਇਸ ਤੋਂ ਇਲਾਵਾ, **ਕਬਰ** ਉਸ ਨੂੰ ਪ੍ਰਾਪਤ ਕਰਨ ਦੀ ਉਡੀਕ ਕਰ ਰਹੀ ਸੀ। ਸ਼ਬਦ "ਕਬਰ" ਅਸਲ ਵਿਚ ਬਹੁਵਚਨ (קְבָרִים, *ਕੀਬਾਰਿਮ)* ਹੈ ਅਤੇ ਇਸ ਦਾ ਅਨੁਵਾਦ "ਕਬਰਿਸਤਾਨ" (NJPSV) ਕੀਤਾ ਜਾ ਸਕਦਾ ਸੀ।

**ਆਇਤ 2. ਠੱਠਾ ਕਰਨ ਵਾਲੇ** (הֲתֻלִים, *ਹਾਥੁਲਿਮ)* ਸੰਭਵ ਤੌਰ ਤੇ ਅਲੀਫ਼ਜ਼, ਸੋਫ਼ਰ ਅਤੇ ਬਿਲਦਦ ਸਨ। ਅੱਯੂਬ ਨੇ ਕਿਹਾ ਕਿ ਉਹ ਉਨ੍ਹਾਂ ਲਈ "ਹਾਸੀ" ਸੀ (12:4) ਅਤੇ ਇਹ ਕਿ ਉਨ੍ਹਾਂ ਨੇ ਉਸ ਲਈ "ਨਫਰਤ" ਦਿਖਾਈ ਸੀ (16:10)। ਇਸ ਤੋਂ ਇਲਾਵਾ, ਉਸ ਦੀ **ਨਿਗਾਹ ਉਨ੍ਹਾਂ ਦੀ ਛੇੜ ਛਾੜ ਤੇ** ਟਿਕੀ ਹੋਈ ਸੀ। ਇਸ ਗੱਲਬਾਤ ਦੇ ਸ਼ੁਰੂ ਵਿਚ, ਅੱਯੂਬ ਦੀਆਂ "ਪਲਕਾਂ" ਉੱਤੇ ਸਾਯਾ ਸੀ ਕਿਉਂਕਿ ਉਸ ਦੀ "ਅੱਖ" ਪਰਮੇਸ਼ੁਰ ਦੇ ਅੱਗੇ ਰੋਈ ਸੀ (16:16, 20)।

## "ਕੌਣ ਮੇਰਾ ਜ਼ਾਮਨ ਹੈ?" (17:3-5)

**[3]ਜ਼ਮਾਨਤ ਦੇਹ, ਤੂੰ ਆਪਣੇ ਤੇ ਮੇਰੇ ਵਿੱਚ ਜ਼ਾਮਨ ਹੋ, - ਕੌਣ ਹੈ ਜੋ ਮੇਰੇ ਹੱਥ ਤੇ ਹੱਥ ਧਰੇ? [4]ਤੈਂ ਤਾਂ ਉਨ੍ਹਾਂ ਦਾ ਮਨ ਸਮਝ ਤੋਂ ਓਹਲੇ ਰੱਖਿਆ ਹੈ, ਏਸ ਲਈ ਤੂੰ ਉਨ੍ਹਾਂ ਨੂੰ ਉੱਚਾ ਨਾ ਕਰੇਂਗਾ। [5]ਜਿਹੜਾ ਆਪਣੇ ਮਿੱਤਰਾਂ ਨੂੰ ਲੁੱਟ ਦੇ ਹਿੱਸੇ ਲਈ ਦੋਸ਼ੀ ਬਣਾਉਂਦਾ ਹੈ, ਉਹ ਦੇ ਬੱਚਿਆਂ ਦੀਆਂ ਅੱਖਾਂ ਰਹਿ ਜਾਣਗੀਆਂ।**

**ਆਇਤ 3.** ਕਿਉਂਕਿ ਉਸ ਮਿੱਤਰ ਉਸ ਨੂੰ ਦਿਲਾਸਾ ਦੇਣ ਵਿਚ ਅਸਫ਼ਲ ਰਹੇ ਸਨ, ਅੱਯੂਬ ਨੇ ਪਰਮੇਸ਼ੁਰ ਨੂੰ ਸਿੱਧੇ ਤੌਰ ਤੇ ਉਸ ਦਾ **ਜ਼ਾਮਨ** ਹੋਣ ਦੀ ਅਪੀਲ ਕੀਤੀ। ਵਿਲੀਅਮ ਡੀ. ਰੀਬਰਨ ਨੇ ਵਿਆਖਿਆ ਕੀਤੀ, "*ਜ਼ਾਮਨ* ਇਕ ਮਿੱਤਰ ਜਾਂ ਰਿਸ਼ਤੇਦਾਰ ਹੁੰਦਾ ਹੈ ਜੋ ਕੈਦੀ ਦੀ ਰਿਹਾਈ ਪ੍ਰਾਪਤ ਕਰਨ ਅਤੇ ਉਸ ਦੇ ਚੰਗੇ ਚਾਲ-ਚਲਣ ਦੀ ਗਰੰਟੀ ਦਿੰਦਾ ਹੈ।"[1] ਸ਼ਬਦ

"ਜ਼ਾਮਨ" ਕਿਰਿਆ עָרַב *(ਥਾਕਾ)* ਦਾ ਅਨੁਵਾਦ ਹੈ ਜਿਸ ਦਾ ਅਰਥ ਹੈ "ਹੱਥ ਫੜਨੇ" ਜਿਵੇਂ ਜਦੋਂ ਕੋਈ ਸਮਝੌਤਾ ਕਰਦੇ ਸਮੇਂ ਕਰਦੇ ਹਨ (ਵੇਖੋ KJV; NJB; NJPSV)। ਜੌਨ ਈ. ਹਾਰਟਲੀ ਦੇ ਅਨੁਸਾਰ, ਅੱਯੂਬ ਆਪਣੇ ਦੁੱਖ ਤੋਂ ਰਾਹਤ ਦੇ ਲਈ ਪਰਮੇਸ਼ੁਰ ਅੱਗੇ ਬੇਨਤੀ ਕਰ ਰਿਹਾ ਸੀ ਜਦੋਂ ਉਹ ਸੁਰਗੀ ਅਦਾਲਤ ਦੇ ਸਾਹਮਣੇ ਆਪਣੇ ਮੁਕੱਦਮੇ ਦੀ ਉਡੀਕ ਕਰ ਰਿਹਾ ਸੀ। "ਜ਼ਮਾਨਤ" ਪਰਮੇਸ਼ੁਰ ਦੁਆਰਾ ਆਪਣੇ ਆਪ ਨਾਲ ਕੀਤੀ ਜਾਵੇਗੀ ਅਤੇ ਉਸ ਦੀ ਦਯਾ ਅਤੇ ਨਿਆਂ ਵਿਚਕਾਰ ਤਣਾਅ ਪੈਦਾ ਕਰ ਦੇਵੇਗੀ।[2]

**ਆਇਤ 4.** ਅੱਯੂਬ ਨੇ ਆਪਣੇ ਮਿੱਤਰਾਂ ਨੂੰ ਉਹ ਕਿਹਾ ਜਿਨ੍ਹਾਂ ਦਾ **ਮਨ ਸਮਝ ਤੋਂ ਓਹਲੇ ਰੱਖਿਆ** ਗਿਆ ਸੀ। ਉਹ ਆਪਣੇ ਮਿੱਤਰ ਨਾਲ ਹੋਣ ਵਾਲੇ ਅਨਿਆਂ ਲਈ ਸਜ਼ਾ ਭੁਗਤਣਗੇ।

**ਆਇਤ 5.** ਅੱਯੂਬ ਨੇ ਆਪਣੇ ਮਿੱਤਰਾਂ ਤੋਂ ਦਿਆਲਤਾ ਦੀ ਉਮੀਦ ਕੀਤੀ ਸੀ (6:14), ਪਰ ਉਸ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਉਸ ਨੂੰ ਧੋਖਾ ਦਿੱਤਾ ਗਿਆ ਸੀ। ਉਸ ਬਚਾਅ ਵਿਚ "ਜ਼ਮਾਨਤ" ਦੇਣ ਦੀ ਬਜਾਇ (17:3), ਉਨ੍ਹਾਂ ਨੇ **ਲੁੱਟ ਦੇ ਹਿੱਸੇ** ਨੂੰ ਹਾਸਲ ਕਰਨ ਲਈ ਉਸ ਦੇ ਵਿਰੁੱਧ ਗਵਾਹੀ ਦਿੱਤੀ ਸੀ। ਉਨ੍ਹਾਂ ਦੇ **ਬੱਚੇ** ਉਨ੍ਹਾਂ ਦੇ ਪਾਪ ਤੋਂ ਦੁਖੀ ਹੋਣਗੇ। ਬਹੁਤ ਸਾਰੇ ਵਿਦਵਾਨ ਆਇਤ 5 ਨੂੰ ਇਕ ਪ੍ਰਾਚੀਨ ਕਹਾਵਤ ਮੰਨਦੇ ਹਨ (ਵੇਖੋ TEV)।

## "ਪਰਮੇਸ਼ੁਰ ਨੇ ਮੈਨੂੰ ਅਖਾਣ ਬਣਾਇਆ ਹੈ" (17:6-16)

**6ਪਰ ਉਹ ਨੇ ਮੈਨੂੰ ਲੋਕਾਂ ਲਈ ਅਖਾਣ ਬਣਾਇਆ, ਮੈਂ ਉਹ ਹਾਂ ਜਿਹ ਦੇ ਮੂੰਹ ਤੇ ਥੁੱਕਦੇ
ਹਨ। 7ਮੇਰੀ ਅੱਖ ਸੋਗ ਦੇ ਕਾਰਨ ਧੁੰਦਲੀ ਹੋ ਗਈ, ਅਤੇ ਮੇਰੇ ਸਾਰੇ ਅੰਗ ਸਾਯੇ ਵਾਂਙੁ ਹਨ।
8ਨੇਕ ਲੋਕ ਏਹ ਦੇ ਉੱਤੇ ਹੈਰਾਨ ਹੁੰਦੇ ਹਨ, ਅਤੇ ਬੇਦੋਸ਼ੇ ਆਪਣੇ ਆਪ ਨੂੰ ਕੁਧਰਮੀਆਂ ਦੇ
ਵਿਰੁੱਧ ਪਰੇਰਦੇ ਹਨ। 9ਪਰ ਧਰਮੀ ਆਪਣੇ ਰਾਹ ਤੇ ਲੱਗਾ ਰਹੇਗਾ, ਅਤੇ ਸਾਫ਼ ਹੱਥ ਵਾਲਾ
ਹੋਰ ਵੀ ਤਕੜਾ ਹੁੰਦਾ ਜਾਵੇਗਾ। 10ਪਰੰਤੂ ਤੁਸੀਂ ਸਾਰੇ ਹੀ ਮੁੜ ਕੇ ਆਓ, ਮੈਨੂੰ ਤੁਹਾਡੇ ਵਿੱਚ
ਇੱਕ ਵੀ ਬੁੱਧੀਮਾਨ ਨਾ ਲੱਭੇਗਾ। 11ਮੇਰੇ ਦਿਨ ਬੀਤ ਗਏ, ਮੇਰੇ ਪਰੋਜਨ, ਮੇਰੇ ਦਿਲ ਦੀਆਂ
ਲੋਚਾਂ ਮਿਟ ਗਈਆਂ। 12ਓਹ ਰਾਤ ਨੂੰ ਦਿਨ ਕਰ ਲੈਂਦੇ ਹਨ, ਚਾਨਣ ਅਨ੍ਹੇਰੇ ਦੇ ਕੋਲ ਹੀ ਹੈ।
13ਜੇ ਮੈਂ ਆਸ ਰੱਖਾਂ ਭਈ ਪਤਾਲ ਮੇਰਾ ਘਰ ਹੈ, ਜੇ ਮੈਂ ਅਨ੍ਹੇਰੇ ਵਿੱਚ ਆਪਣਾ ਬਿਸਤਰਾ
ਵਿਛਾਵਾਂ, 14ਜੇ ਮੈਂ ਸੜਿਹਾਣ ਨੂੰ ਪੁਕਾਰਾਂ ਭਈ ਤੂੰ ਮੇਰਾ ਪਿਉ ਹੈਂ, ਤੇ ਕੀੜੇ ਨੂੰ, ਤੂੰ ਮੇਰੀ ਮਾਂ
ਤੇ ਮੇਰੀ ਭੈਣ ਹੈਂ, 15ਤਾਂ ਮੇਰੀ ਆਸ਼ਾ ਫੇਰ ਕਿੱਥੇ ਹੈ? ਮੇਰੀ ਆਸ਼ਾ ਕੌਣ ਵੇਖੇਗਾ? 16ਉਹ ਪਤਾਲ
ਦਿਆਂ ਅਰਲਾਂ ਵਿੱਚ ਉਤਰ ਜਾਵੇਗੀ, ਜਦ ਅਸੀਂ ਇਕੱਠੇ ਖ਼ਾਕ ਵਿੱਚ ਅਰਾਮ ਪਾਵਾਂਗੇ।**

**ਆਇਤ 6.** ਅੱਯੂਬ ਨੇ ਵਿਰਲਾਪ ਕੀਤਾ, **ਪਰ ਉਹ ਨੇ ਮੈਨੂੰ ਲੋਕਾਂ ਲਈ ਅਖਾਣ ਬਣਾਇਆ।** ਕੁਝ ਅਨੁਵਾਦਕ ਇਸ ਕਥਨ ਨੂੰ ਅਵਿਅਕੀਗਤ ਵਜੋਂ ਸਮਝਦੇ ਹਨ: "ਕਿਸੇ ਨੇ ਮੈਨੂੰ ਅਖਾਣ ਬਣਾ ਦਿੱਤਾ ਹੈ," ਜਾਂ "ਮੈਂ ਅਖਾਣ ਬਣਾਇਆ ਗਿਆ ਹਾਂ।" NASB ਬਾਈਬਲ ਸੰਕੇਤ ਕਰਦੀ ਹੈ ਕਿ ਪਰਮੇਸ਼ੁਰ ਕਰਤਾ ਹੈ। "ਅਖਾਣ" ਸ਼ਬਦ ਇਬਰਾਨੀ ਇਬਰਾਨੀ ਮੂਲ ਸ਼ਬਦ מָשָׁל *(ਮਸ਼ਲ)* ਤੋਂ ਹੈ ਜਿਸ ਦਾ ਅਨੁਵਾਦ "ਕਹਾਵਤ," "ਦ੍ਰਿਸ਼ਟਾਂਤ," ਜਾਂ "ਬੁੱਧੀਮਾਨ ਕਹਾਵਤ" ਕੀਤਾ ਜਾ ਸਕਦਾ ਹੈ। ਜ਼ਬੂਰ 44:14 ਵਿਚ, "ਕਹਾਉਤ" "ਹਾਸੇ ਦਾ ਪਾਤਰ" ਦੇ ਸਮਾਨ ਹੈ। ਅੱਯੂਬ ਨੇ ਆਪਣੀ ਗੱਲ ਨੂੰ ਜਾਰੀ ਰੱਖਿਆ, **ਮੈਂ ਉਹ ਹਾਂ ਜਿਹ ਦੇ ਮੂੰਹ ਤੇ ਥੁੱਕਦੇ ਹਨ।** ਕਿਸੇ ਵਿਅਕਤੀ ਤੇ "ਥੁੱਕਣਾ" ਇਕ ਗੰਭੀਰ ਅਪਮਾਨ ਸੀ ਅਤੇ ਹੈ (ਬਿਵਸਥਾ ਸਾਰ 25:9; ਯਸਾਯਾਹ 50:6; ਮੱਤੀ 26:67)।

**ਆਇਤ 7.** ਪਹਿਲਾ ਅਲੰਕਾਰ (**ਮੇਰੀ ਅੱਖ ਸੋਗ ਦੇ ਕਾਰਨ ਧੁੰਦਲੀ ਹੋ ਗਈ**) ਪੁਰਾਣੇ ਨੇਮ ਵਿਚ ਹੋਰ ਕਿਤੇ ਵੀ ਮਿਲਦਾ ਹੈ (ਉਤਪਤ 27:1; ਬਿਵਸਥਾ ਸਾਰ 34:7; 1 ਸਮੂਏਲ 3:2)। ਪਰ, ਦੂਜਾ ਅਲੰਕਾਰ (**ਮੇਰੇ ਸਾਰੇ ਅੰਗ ਸਾਯੇ ਵਾਂਙੁ ਹਨ**) ਸਿਰਫ ਇੱਥੇ ਹੀ ਆਉਂਦਾ ਹੈ। TEV ਬਾਈਬਲ ਅਸਾਨ ਢੰਗ ਨਾਲ ਵਿਅਕਤ ਕਰਦੀ ਹੈ: "ਮੇਰੀਆਂ ਬਾਹਾਂ ਅਤੇ ਲੱਤਾਂ ਪਰਛਾਵੇਂ ਜਿੰਨੀਆਂ ਪਤਲੀਆਂ ਹਨ।" ਅੱਯੂਬ ਦੀਆਂ ਅੱਖਾਂ ਦਾ ਧੁੰਦਲਾ ਹੋਣਾ ਅਤੇ ਉਸ ਦੇ ਅੰਗਾਂ ਦਾ ਕਮਜ਼ੋਰ ਹੋਣਾ ਉਸ ਦੇ **ਸੋਗ** ਦਾ ਨਤੀਜਾ ਸੀ।

**ਆਇਤ 8. ਨੇਕ** ਉਹ ਹਨ ਜਿਹੜੇ ਉਹ ਕੰਮ ਕਰਦੇ ਹਨ ਜੋ ਪਰਮੇਸ਼ੁਰ ਦੀ ਨਿਗਾਹ ਵਿਚ ਸਹੀ ਹਨ। ਬੇਦੋਸ਼ੇ ਉਹ ਹਨ ਜਿਹੜੇ "ਸਾਫ਼" ਅਤੇ "ਨਿਰਦੋਸ਼" ਹੁੰਦੇ ਹਨ।[3] **ਕੁਧਰਮੀ** ਅਸ਼ੁੱਧ, ਅਧਰਮੀ ਲੋਕ ਹਨ (8:13 ਤੇ ਟਿੱਪਣੀਆਂ ਵੇਖੋ)। ਆਇਤ 8 ਦਾ ਨੁਕਤਾ ਇਹ ਹੈ ਕਿ ਧਰਮੀ ਮਨੁੱਖ ਉਸ ਢੰਗ ਨਾਲ **ਹੈਰਾਨ** ਹੋ ਜਾਵੇਗਾ ਜਿਸ ਨਾਲ ਅੱਯੂਬ ਨਾਲ ਬਦਸਲੂਕੀ ਕੀਤੀ ਜਾ ਰਹੀ ਸੀ ਅਤੇ ਉਸ ਦੇ ਅਧਰਮੀ ਸਤਾਉਣ ਵਾਲਿਆਂ ਦੇ ਵਿਰੁੱਧ ਉਸ ਦੀ ਰੱਖਿਆ ਲਈ ਆਇਆ।

**ਆਇਤ 9. ਸਾਫ਼ ਹੱਥ** ਇਸ ਗੱਲ ਦਾ ਪ੍ਰਤੀਕ ਸੀ ਕਿ ਉਹ **ਧਰਮੀ** ਸੀ (9:30; 22:30; ਜ਼ਬੂਰਾਂ 18:20, 24; 24:4; 26:6; 73:13)। ਰੌਬਰਟ ਐਲ. ਐਲਡਨ ਨੇ ਕਿਹਾ ਕਿ "ਅੱਯੂਬ ਆਪਣੇ ਆਪ ਵਿਚ ਵਿਸ਼ਵਾਸ ਦੇ ਇਸ ਤਿੱਖੇ ਕਥਨ ਵਿਚ ਗੱਲ ਕਰਦਾ ਸੀ।"[4] ਹਾਰਟਲੀ ਨੇ ਟਿੱਪਣੀ ਕੀਤੀ ਕਿ "ਉਸ ਦੀ ਧਾਰਮਿਕਤਾ ਉਸ ਨੂੰ ਸੱਚੇ ਰਾਹ ਉੱਤੇ ਚੱਲਣ ਦੀ ਤਾਕਤ ਦਿੰਦੀ ਹੈ ਭਾਵੇਂ ਉਸ ਦਾ ਵਿਰੋਧੀ ਕਿੰਨਾ ਵੀ ਸ਼ਕਤੀਸ਼ਾਲੀ ਕਿਉਂ ਨਾ ਹੋਵੇ। ਕੋਈ ਵੀ ਚੀਜ਼ ਉਸ ਨੂੰ ਪਰਮੇਸ਼ੁਰ ਤੋਂ ਵੱਖ ਨਹੀਂ ਕਰਦੀ, ਨਾ ਹੀ ਦੁੱਖ ਨਾ ਹੀ ਦੁਰਵਿਹਾਰ ਨਾ ਅਪਮਾਨ ਨਾ ਹੀ ਮੌਤ।"[5]

**ਆਇਤ 10. ਪਰੰਤੂ ਤੁਸੀਂ ਸਾਰੇ ਹੀ ਮੁੜ ਕੇ ਆਓ, ਮੈਨੂੰ ਤੁਹਾਡੇ ਵਿੱਚ ਇੱਕ ਵੀ ਬੁੱਧੀਮਾਨ ਨਾ ਲੱਭੇਗਾ।** ਮਿੱਤਰਾਂ ਨੂੰ ਇਹ ਬਹੁਤ ਠੋਕਵੀਂ ਝਿੜਕ ਸੀ। ਉਨ੍ਹਾਂ ਨੇ ਅੱਯੂਬ ਪ੍ਰਤੀ ਆਪਣੀ ਪ੍ਰਤੀਕਿਰਿਆ ਵਿਚ ਸਿਆਣਪ ਨਹੀਂ ਵਿਖਾਈ।

**ਆਇਤ** 11. ਅੱਯੂਬ ਨੇ ਉਸ ਦੀ ਮੌਜੂਦਾ ਸਥਿਤੀ ਦੇ ਨਤੀਜੇ ਵਜੋਂ ਮੌਤ ਦੀ ਸਿਰਫ ਨਿਰਾਸ਼ਾਜਨਕ ਅਟੱਲਤਾ ਨੂੰ ਵੇਖਿਆ। ਉਸ ਨੇ ਅਫ਼ਸੋਸ ਜਾਹਰ ਕੀਤਾ ਕਿ ਉਸ ਦੇ **ਦਿਨ** ਮੁੱਕ ਗਏ ਸਨ (ਵੇਖੋ 17:1) ਅਤੇ ਇਹ ਕਿ ਉਸ **ਪਰੋਜਨ** ਜੋ ਉਸ ਨੇ ਬਣਾਏ ਸਨ ਅਤੇ ਉਸ ਦੇ **ਦਿਲ ਦੀਆਂ ਲੋਚਾਂ** ਚਕਨਾਚੂਰ ਹੋ ਗਈਆਂ ਸਨ। ਦੂਜੇ ਸ਼ਬਦਾਂ ਵਿਚ, ਉਸ ਕੋਲ ਬਹੁਤ ਸਾਰੀਆਂ ਉਮੀਦਾਂ ਅਤੇ ਸੁਪਨੇ ਸਨ ਜੋ ਅਧੂਰੇ ਰਹੇ।

**ਆਇਤ 12. ਓਹ ਰਾਤ ਨੂੰ ਦਿਨ ਕਰ ਲੈਂਦੇ ਹਨ, ਚਾਨਣ ਅਨ੍ਹੇਰੇ ਦੇ ਕੋਲ ਹੀ ਹੈ।** ਇਸ ਆਇਤ ਦਾ ਅਰਥ ਅਸਪੱਸ਼ਟ ਅਤੇ ਵਿਵਾਦਪੂਰਨ ਹੈ। ਇਕ ਵਿਆਖਿਆ ਇਹ ਹੈ ਕਿ "ਓਹ" ਅੱਯੂਬ ਦੇ ਆਸ਼ਾਵਾਦੀ ਵਿਚਾਰਾਂ ਨੂੰ ਦਰਸਾਉਂਦੇ ਹਨ ਜੋ ਅੱਗੇ ਇਕ ਚਮਕਦਾਰ "ਦਿਨ" ਦੀ ਇੱਛਾ ਰੱਖਦੇ ਹਨ। ਇਕ ਹੋਰ ਵਿਆਖਿਆ ਇਹ ਹੈ ਕਿ "ਓਹ" ਅੱਯੂਬ ਦੇ ਮਿੱਤਰਾਂ ਨੂੰ ਦਰਸਾਉਂਦੇ ਹਨ ਜਿਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਜੇ ਉਹ ਤੋਬਾ ਕਰਦਾ ਤਾਂ ਪਰਮੇਸ਼ੁਰ ਦੀ ਉਸ ਕਿਸਮਤ ਬਹਾਲ ਕਰ ਦਿੰਦਾ (5:17-26; 8:20-22; 11:13-19)। ਅੱਯੂਬ ਦੇ ਮੌਜੂਦਾ "ਅਨ੍ਹੇਰੇ" ਨੂੰ "ਚਾਨਣ" ਦੁਆਰਾ ਦੂਰ ਕਰ ਦਿੱਤਾ ਜਾਵੇਗਾ (11:17)। ਇਸ ਬਾਅਦ ਵਾਲੇ ਵਿਚਾਰ ਦੀ ਸੰਭਾਵਨਾ ਜ਼ਿਆਦਾ ਹੈ।[6]

**ਆਇਤਾਂ** 13, 14. ਇਨ੍ਹਾਂ ਆਇਤਾਂ ਦੀਆਂ ਸਤਰਾਂ ਇਕ ਸ਼ਰਤ ਦੇ ਵਾਕ "ਜੇ" ਭਾਗ (ਕਹਾਵਤ) ਨਾਲ ਬਣਦੀਆਂ ਹਨ, ਜਦੋਂ ਕਿ ਆਇਤਾਂ 15 ਅਤੇ 16 ਵਿਚ ਅਲੰਕਾਰਕ ਪ੍ਰਸ਼ਨ "ਜਦ" ਭਾਗ (ਸ਼ਰਤੀਆ) ਹਨ। ਆਪਣੀਆਂ ਪਿੱਛਲੀਆਂ ਗੱਲਾਂਬਾਤਾਂ ਵਿਚ, ਅੱਯੂਬ ਨੇ ਮੌਤ ਦੀ

ਕਾਮਨਾ ਕੀਤੀ ਸੀ ਕਿ ਉਹ ਆਵੇ ਅਤੇ ਉਸ ਨੂੰ ਉਸ ਦੇ ਦੁੱਖਾਂ ਤੋਂ ਮੁਕਤ ਕਰੇ (3:21; 7:15)। ਇਸ ਬਿੰਦੂ ਤੇ, ਉਸ ਨੇ ਕਲਪਨਾ ਕੀਤੀ ਕਿ ਉਹ **ਪਤਾਲ** ਵਿਚ ਜਾ ਕੇ ਉੱਥੇ ਆਪਣਾ **ਘਰ** ਬਣਾਏਗਾ। ਉਹ **ਅਨ੍ਹੇਰੇ ਵਿੱਚ ਆਪਣਾ ਬਿਸਤਰਾ** ਵਿਛਾਵੇਗਾ।

**ਸੜਿਹਾਣ** (שַׁחַת, *ਸ਼ਾਚਾਥ)* ਜਾਂ "ਕਬਰ" (TEV) ਸ਼ਬਦ "ਪਤਾਲ" ਲਈ ਸਮਾਨਾਰਥੀ ਵਜੋਂ ਵਰਤੇ ਜਾਂਦੇ ਹਨ। **ਕੀੜਾ** (רִמָּה, *ਰਿੱਮਾਹ)* ਭ੍ਰਿਸ਼ਟਾਚਾਰ ਅਤੇ ਸੜ੍ਹਨ ਦਾ ਪ੍ਰਤੀਕ ਹੈ; ਇਹ ਮਰੇ ਹੋਏ ਲੋਕਾਂ ਨੂੰ ਖਾਂਦਾ ਹੈ ਜਦੋਂ ਤੱਕ ਕਿ ਉਹ ਹੋਰ ਨਹੀਂ ਰਹਿ ਜਾਂਦੇ (7:5; 21:26; 24:20)।[7] ਯਸਾਯਾਹ 14:11 ਕਹਿੰਦੀ ਹੈ, "ਕੀੜੇ ਤੇਰੇ ਹੇਠ ਵਿਛਾਏ ਗਏ, ਅਤੇ ਕਿਰਮ ਹੀ ਤੇਰਾ ਕੱਜਣ ਹਨ।" ਅੱਯੂਬ "ਸੜਿਹਾਣ" ਅਤੇ "ਕੀੜੇ" ਨੂੰ ਆਪਣਾ ਪਰਿਵਾਰ ਮੰਨ ਲਵੇਗਾ ਕਿਉਂਕਿ ਮੌਤ ਤੋਂ ਬਾਅਦ ਉਸ ਕੋਲ ਕੋਈ ਨਹੀਂ ਹੋਵੇਗਾ।

**ਆਇਤ 15. ਤਾਂ ਮੇਰੀ ਆਸ਼ਾ ਫੇਰ ਕਿੱਥੇ ਹੈ? ਮੇਰੀ ਆਸ਼ਾ ਕੌਣ ਵੇਖੇਗਾ?** ਅੱਯੂਬ ਨੇ ਪਹਿਲਾਂ ਸ਼ਿਕਾਇਤ ਕੀਤੀ ਸੀ ਕਿ ਉਸ ਦੇ "ਦਿਨ ਜੁਲਾਹੇ ਦੀ ਨਾਲ ਤੋਂ ਵੀ ਕਾਹਲੇ [ਸਨ], ਅਤੇ ਆਸ ਤੋਂ ਬਿਨਾ ਬੀਤਦੇ [ਸਨ]" (7:6)। ਉਸ ਨੇ ਇਹ ਵੀ ਪੁਸ਼ਟੀ ਕੀਤੀ, "ਭਾਵੇਂ ਉਹ ਮੈਨੂੰ ਵੱਢ ਸੁੱਟੇ, ਮੈਂ ਉਸ ਵਿਚ ਆਸ ਕਰਾਂਗਾ" (13:15)।

**ਆਇਤ 16. ਉਹ ਪਤਾਲ ਦਿਆਂ ਅਰਲਾਂ ਵਿੱਚ ਉਤਰ ਜਾਵੇਗੀ? ਜਦ ਅਸੀਂ ਇਕੱਠੇ ਖ਼ਾਕ ਵਿੱਚ ਅਰਾਮ ਪਾਵਾਂਗੇ?** ਇਹ ਪ੍ਰਸ਼ਨ ਪੁੱਛ ਰਹੇ ਹਨ ਕਿ ਕੀ ਸਾਰੀ ਆਸ ਮੌਤ ਦੁਆਰਾ ਬੁਝਾਈ ਗਈ ਹੈ। ਮਸੀਹੀ ਹੋਣ ਦੇ ਨਾਤੇ ਅਸੀਂ ਜਾਣਦੇ ਹਾਂ ਕਿ ਇਹ ਨਹੀਂ ਹੈ! ਪੌਲੁਸ ਨੇ ਘੋਸ਼ਣਾ ਕੀਤੀ,

> ਸੋ ਜਦੋਂ ਅਸੀਂ ਨਿਹਚਾ ਨਾਲ ਧਰਮੀ ਠਹਿਰਾਏ ਗਏ ਤਾਂ ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਪਰਮੇਸ਼ੁਰ ਵੱਲ ਸ਼ਾਂਤੀ ਰੱਖੀਏ ਜਿਹ ਦੇ ਰਾਹੀਂ ਵੀ ਅਸੀਂ ਨਿਹਚਾ ਨਾਲ ਓਸ ਕਿਰਪਾ ਵਿੱਚ ਅੱਪੜੇ ਜਿਹ ਦੇ ਉੱਤੇ ਖਲੋਤਾ ਹਾਂ, ਅਤੇ ਪਰਮੇਸ਼ੁਰ ਦੇ ਪਰਤਾਪ ਦੀ ਆਸ ਉੱਤੇ ਅਭਮਾਨ ਕਰੀਏ (ਰੋਮੀਆਂ 5:1, 2)।

ਪਤਰਸ ਨੇ ਆਖਿਆ, "ਮੁਬਾਰਕ ਹੈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹ ਨੇ ਆਪਣੀ ਅੱਤ ਦਯਾ ਦੇ ਅਨੁਸਾਰ ਯਿਸੂ ਮਸੀਹ ਦੇ ਮੁਰਦਿਆਂ ਵਿੱਚੋਂ ਜੀ ਉੱਠਣ ਦੇ ਕਾਰਨ ਸਾਨੂੰ ਜੀਉਂਦੀ ਆਸ ਲਈ ਨਵੇਂ ਸਿਰਿਓਂ ਜਨਮ ਦਿੱਤਾ" (1 ਪਤਰਸ 1:3)। ਯੂਹੰਨਾ ਨੇ ਆਖਿਆ, "ਅਤੇ ਹਰ ਕੋਈ ਜਿਹੜਾ ਓਸ ਉੱਤੇ ਇਹ ਆਸ ਰੱਖਦਾ ਹੈ ਆਪਣੇ ਆਪ ਨੂੰ ਪਵਿੱਤਰ ਕਰਦਾ ਹੈ ਜਿਵੇਂ ਉਹ ਪਵਿੱਤਰ ਹੈ" (1 ਯੂਹੰਨਾ 3:3)। ਇਸ ਵਿਚ ਕੋਈ ਹੈਰਾਨੀ ਨਹੀਂ ਹੈ ਕਿ ਸਾਡੀ ਆਸ "ਸਾਡੀ ਜਾਨ ਦਾ ਲੰਗਰ ਹੈ ਜਿਹੜਾ ਅਚੱਲ ਅਤੇ ਇਸਥਿਰ ਹੈ ਅਤੇ ਉਸ ਥਾਂ ਪਹੁੰਚਦਾ ਹੈ ਜੋ ਪੜਦੇ ਦੇ ਅੰਦਰ ਹੈ" (ਇਬਰਾਨੀਆਂ 6:19)।

# ਪ੍ਰਾਸੰਗਿਕਤਾ

### "ਮੇਰਾ ਆਤਮਾ ਤਬਾਹ ਹੋ ਗਿਆ" (ਅਧਿਆਇ 17)

ਕਹਾਉਤਾਂ 15:13 ਕਹਿੰਦੀ ਹੈ ਕਿ "ਪਰ ਮਨ ਦੇ ਸੋਗ ਨਾਲ ਆਤਮਾ ਨਿਰਾਸ ਹੁੰਦਾ ਹੈ।" ਮਸੀਹ ਦੀ ਖੁਸ਼ਖ਼ਬਰੀ ਦੇ ਸਾਰੇ ਸੇਵਕਾਂ ਕੋਲ ਉਨ੍ਹਾਂ ਲੋਕਾਂ ਨੂੰ ਸਲਾਹ ਦੇਣ ਦੇ ਬਹੁਤ ਸਾਰੇ ਮੌਕੇ ਮਿਲੇ ਹਨ ਜਿਨ੍ਹਾਂ ਦੇ ਦਿਲ ਉਦਾਸ ਹਨ, ਜਿਨ੍ਹਾਂ ਦੀਆਂ ਮੁਸ਼ਕਲਾਂ ਬਹੁਤ ਜ਼ਿਆਦਾ ਹਨ ਅਤੇ ਜਿਨ੍ਹਾਂ ਦੀਆਂ ਆਤਮਾਵਾਂ ਟੁੱਟੀਆਂ ਹੋਈਆਂ ਹਨ। ਇਕ ਵਾਰ ਮੈਂ ਇਕ ਯੂਨੀਵਰਸਿਟੀ ਸ਼ਹਿਰ

ਵਿਚ ਪਰਚਾਰ ਕੀਤਾ ਅਤੇ ਇਕ ਯੂਨੀਵਰਸਿਟੀ ਦੇ ਵਿਦਿਆਰਥੀ ਮੈਨੂੰ ਹੇਠਾਂ ਦਿੱਤੀ ਗਈ ਚਿੱਠੀ ਲਿਖੀ:

> ਜੇ ਤੁਹਾਨੂੰ ਸਿਰਫ ਪਤਾ ਹੁੰਦਾ ਕਿ ਕੀ ਹੋ ਰਿਹਾ ਸੀ। ਜ਼ਿੰਦਗੀ ਕਠਿਨ ਹੈ। ... ਮੇਰਾ ਪਰਿਵਾਰ ਹੁਣ ਮੈਨੂੰ ________ ਨੂੰ ਭੇਜਣ ਦਾ ਸਮਰਥਨ ਨਹੀਂ ਕਰ ਸਕਦਾ। ... ਮੈਂ ________ ਵਿਚ ਵਾਪਸ ਨਹੀਂ ਆ ਸਕਦਾ ਕਿਉਂਕਿ ਮੈਂ ਆਪਣੀ ਦੋਸਤੀ ਪੂਰੀ ਤਰ੍ਹਾਂ ਤੋੜ ਦਿੱਤੀ ਹੈ। ... ਮੇਰੇ ਕੋਲ ਆਪਣੇ ਰਿਸ਼ਤੇਦਾਰਾਂ ਕੋਲ ਮਿਲਣ ਲਈ ਜਹਾਜ਼ ਵਿਚ ਜਾਣ ਵਾਸਤੇ ਸਾਧਨ ਨਹੀਂ ਹਨ ... ਅਤੇ ਮੈਂ ਇੱਥੇ _______ ਵਿਚ ਠਹਿਰਣਾ ਨਹੀਂ ਚਾਹੁੰਦਾ ਕਿਉਂਕਿ ਮੈਂ ਇੱਥੇ ਬਹੁਤ ਸਾਰੀਆਂ ਗਲਤੀਆਂ ਕੀਤੀਆਂ ਹਨ। ... ਮੇਰੇ ਵਿਚ ਕਈ ਮਨੋਵਿਗਿਆਨਿਕ ਵਿਕਾਰ ਅਤੇ ਨਿਰਬਲਤਾਵਾਂ ਹਨ; ਮੈਨੂੰ ਥੈਰੇਪੀ ਅਤੇ ਦਵਾਈ ਦੀ ਜ਼ਰੂਰਤ ਹੈ ਜਿਸ ਲਈ ਮੇਰੀ ਕੋਈ ਪਹੁੰਚ ਨਹੀਂ ਹੈ। ਇਸ ਲਈ, ਮੈਨੂੰ ਨਹੀਂ ਪਤਾ ਕਿ ਹੁਣ ਮੈਂ ਕੀ ਕਰਾਂ। ਸੱਚ ਕਹਾਂ ਤਾਂ ਮੇਰਾ ਦਿਲ ਕਰਦਾ ਹੈ ਕਿ ਮੈਂ ਹਾਰ ਮੰਨ ਲਵਾਂ। ਇੰਜ ਜਾਪਦਾ ਹੈ ਕਿ ਮੇਰੇ ਕੋਲ ਸਿਰਫ ਇਹੋ ਇਕ ਹੋਰ ਵਿਕਲਪ ਹੈ। ਮੈਂ ਆਪਣੀ ਸਾਰੀ ਜ਼ਿੰਦਗੀ ਇਸ ਸਾਰੀ ਅਨਿਸ਼ਚਤਤਾ ਨਾਲ ਨਹੀਂ ਜੀ ਸਕਦਾ। ਕ੍ਰਿਪਾ ਕਰਕੇ ਸਲਾਹ ਦਿਓ ... ।

ਉਸ ਨੌਜਵਾਨ ਨੂੰ ਕਿਹੜੀ ਸਲਾਹ ਦਿੱਤੀ ਜਾਣੀ ਚਾਹੀਦੀ ਹੈ ਜਿਸ ਦਾ ਆਤਮਾ ਤਬਾਹ ਹੋ ਗਿਆ ਹੋਵੇ ਅਤੇ ਜੋ ਹਾਰ ਮੰਨਣਾ ਚਾਹੁੰਦਾ ਹੋਵੇ? ਇਹ ਉਹੀ ਮਾਨਸਿਕਤਾ ਹੈ ਜੋ ਅੱਯੂਬ ਦੀ 17 ਅਧਿਆਇ ਵਿਚ ਸੀ। ਅੱਯੂਬ ਦੇ ਮਿੱਤਰ ਉਸ ਨੂੰ ਕਿਹੜੀ ਚੰਗੀ ਸਲਾਹ ਦੇ ਸਕਦੇ ਸਨ?

ਅੱਯੂਬ ਦਾ ਆਤਮਾ ਤਬਾਹ ਹੋ ਗਿਆ ਸੀ। ਆਇਤ 1 ਵਿਚ, ਅੱਯੂਬ ਨੇ ਕਿਹਾ, “ਮੇਰਾ ਆਤਮਾ ਤਬਾਹ ਹੋ ਗਿਆ।” ਅੱਯੂਬ ਦਾ ਆਤਮਾ ਉਸ ਦੇ ਸੋਗ ਦੇ ਕਾਰਨ (17:7) ਅਤੇ ਆਪਣੇ ਬੱਚਿਆਂ, ਆਪਣੇ ਨੌਕਰਾਂ ਚਾਕਰਾਂ ਅਤੇ ਆਪਣੀ ਜਾਇਦਾਦ ਨੂੰ ਗੁਆਉਣ ਦੇ ਦੁੱਖ ਦੇ ਕਾਰਨ ਤਬਾਹ ਹੋ ਗਿਆ ਸੀ। ਅੱਯੂਬ ਦਾ ਆਤਮਾ ਉਸ ਸਰੀਰਕ ਪੀੜਾ ਦੀ ਤੀਬਰਤਾ ਦੇ ਕਾਰਨ ਵੀ ਤਬਾਹ ਹੋ ਗਿਆ ਸੀ ਜਿਸ ਵਿੱਚੋਂ ਉਹ ਗੁਜਰ ਰਿਹਾ ਸੀ। ਇਸ ਤੋਂ ਇਲਾਵਾ, ਅੱਯੂਬ ਦਾ ਆਤਮਾ ਉਸ ਦੇ ਮਿੱਤਰਾਂ ਦੀ ਪ੍ਰਤੀਕਿਰਿਆ ਅਤੇ ਉਨ੍ਹਾਂ ਦੇ ਭੱਦੇ ਦੋਸ਼ਾਂ ਦੇ ਕਾਰਨ ਤਬਾਹ ਹੋ ਗਿਆ ਸੀ। ਆਇਤ 2 ਵਿਚ, ਅੱਯੂਬ ਨੇ ਉਨ੍ਹਾਂ ਨੂੰ “ਠੱਠਾ ਕਰਨ ਵਾਲੇ” ਕਿਹਾ ਸੀ। ਉਨ੍ਹਾਂ ਨੇ ਅੱਯੂਬ ਦੇ ਵਿਰੁੱਧ ਦੋਸ਼ ਲਾਏ ਸਨ ਅਤੇ ਉਸ ਦੇ ਆਤਮਾ ਨੂੰ ਤਬਾਹ ਕੀਤਾ ਸੀ। ਉਸ ਦਾ ਠੱਠਾ ਕਰਨ ਵਾਲੇ ਮਿੱਤਰਾਂ ਨੂੰ ਵਿਸ਼ਵਾਸ ਨਹੀਂ ਹੋਇਆ ਕਿ ਅੱਯੂਬ ਆਪਣੀ ਨਿਰਦੋਸ਼ਤਾ ਬਣਾਈ ਰੱਖਣ ਵਿਚ ਸੱਚ ਬੋਲ ਰਿਹਾ ਸੀ। ਉਸ ਦੇ ਮਿੱਤਰਾਂ ਨੇ ਆਪਣੇ ਮਨਾਂ ਤੇ ਜ਼ੋਰ ਨਹੀਂ ਦਿੱਤਾ, ਨਾ ਹੀ ਉਨ੍ਹਾਂ ਨੇ ਪਰਮੇਸ਼ੁਰ ਬਾਰੇ ਇਕ ਹੋਰ ਦ੍ਰਿਸ਼ਟੀਕੋਣ ਅਤੇ ਕਿਵੇਂ ਪਰਮੇਸ਼ੁਰ ਆਪਣੇ ਲੋਕਾਂ ਨਾਲ ਪੇਸ਼ ਆ ਸਕਦਾ ਸੀ ਤੇ ਵਿਚਾਰ ਕੀਤਾ। ਅੱਯੂਬ ਦਾ ਆਤਮਾ ਇਸ ਲਈ ਵੀ ਤਬਾਹ ਹੋ ਗਿਆ ਸੀ ਕਿਉਂਕਿ ਪਰਮੇਸ਼ੁਰ ਹਾਲੇ ਵੀ ਸ਼ਾਂਤ ਸੀ ਉਸ ਨੇ ਉਸ ਨੂੰ ਕੋਈ ਜਵਾਬ ਜਾਂ ਰਾਹਤ ਨਹੀਂ ਦਿੱਤੀ ਸੀ। ਅੱਯੂਬ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਕਿ ਪਰਮੇਸ਼ੁਰ ਨੇ ਉਸ ਨੂੰ ਤੋੜ ਦਿੱਤਾ ਸੀ ਅਤੇ ਇਹੀ ਕਾਰਨ ਹੈ ਕਿ ਅੱਯੂਬ ਨੇ ਇਕ ਸਮਝੌਤੇ ਲਈ ਪਰਮੇਸ਼ੁਰ ਨੂੰ ਕਿਹਾ (17:3)। ਉਨ੍ਹਾਂ ਸਾਰੇ ਕਾਰਣਾਂ ਕਰਕੇ, ਅੱਯੂਬ ਨੂੰ ਅਜਿਹਾ ਨਹੀਂ ਲੱਗਦਾ ਸੀ ਕਿ ਉਸ ਕੋਲ ਲੰਬਾ ਸਮਾਂ ਸੀ (17:1, 2)। ਤੁਸੀਂ ਅੱਯੂਬ ਵਰਗੇ ਕਿਸੇ ਨੂੰ ਕੀ ਸਲਾਹ ਦੇਵੋਗੇ ਜਿਸ ਨੇ ਸਾਰੀ ਉਮੀਦ ਗੁਆ ਦਿੱਤੀ ਸੀ ਅਤੇ ਆਤਮਾ ਵਿਚ ਤਬਾਹ ਹੋ ਗਿਆ ਸੀ?

ਜਦੋਂ ਅਸੀਂ ਕਿਸੇ ਦੀ ਸੇਵਾ ਕਰ ਰਹੇ ਹਾਂ ਜਿਹੜਾ ਆਤਮਿਕ ਤੌਰ ਤੇ ਟੁੱਟਿਆ ਹੋਇਆ

ਹੈ, ਤਾਂ ਘੱਟੋ-ਘੱਟ ਤਿੰਨ ਆਮ ਨਿਯਮਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ।

*ਦਿਆਲੂ ਅਤੇ ਤਰਸਵਾਨ ਬਣੋ।* ਅੱਯੂਬ ਦੇ ਮਿੱਤਰ ਉਸ ਦੇ ਟੁੱਟੇਪਣ, ਦੁੱਖ ਅਤੇ ਦਰਦ ਦੇ ਪ੍ਰਤੀ ਬਹੁਤ ਹੀ ਬੇਰਿਹਮ ਅਤੇ ਬੇਦਰਦ ਸਨ। ਅੱਯੂਬ ਦੇ ਮਿੱਤਰਾਂ ਦੇ ਉਲਟ, ਬਾਈਬਲ ਵਿਚ ਅਕਸਰ ਦੱਸਿਆ ਗਿਆ ਹੈ ਕਿ ਯਿਸੂ ਬੇਸਹਾਰਾ, ਨਿਰਾਸ਼ ਅਤੇ ਦੁਖੀ ਲੋਕਾਂ ਨੂੰ ਵੇਖ ਕੇ ਤਰਸ ਨਾਲ ਭਰ ਗਿਆ ਸੀ (ਮੱਤੀ 9:36; 14:14; 15:32; 20:34)। ਅਫ਼ਸੀਆਂ 4:32 ਸਾਨੂੰ ਦੱਸਦੀ ਹੈ ਕਿ "ਇੱਕ ਦੂਏ ਉੱਤੇ ਤਰਸਵਾਨ ਹੋਵੋ।" ਪ੍ਰੇਰਣਾ ਨਾਲ ਅਗਵਾਈ ਪਾ ਕੇ, ਫ਼ਿਲਿੱਪੀਆਂ 2:1-5 ਵਿਚ ਪੌਲੁਸ ਨੇ ਲਿਖਿਆ,

> ... ਜੇ ਕੁਝ ਦਿਆਲਗੀ ਹੈ ... ਅਧੀਨਗੀ ਨਾਲ ਇੱਕ ਦੂਏ ਨੂੰ ਆਪਣੇ ਆਪ ਤੋਂ ਉੱਤਮ ਜਾਣੋ; ਤੁਹਾਡੇ ਵਿੱਚੋਂ ਹਰੇਕ ਜਣਾ ਆਪਣੇ ਹੀ ਹਾਲ ਉੱਤੇ ਨਹੀਂ ਸਗੋਂ ਹਰੇਕ ਦੂਜਿਆਂ ਦੇ ਹਾਲ ਉੱਤੇ ਵੀ ਨਿਗਾਹ ਕਰੇ। ਤੁਹਾਡਾ ਉਹੋ ਸੁਭਾਉ ਹੋਵੇ ਜੋ ਮਸੀਹ ਯਿਸੂ ਦਾ ਭੀ ਸੀ।

ਕੁਲੁੱਸੀਆਂ 3:12, 13 ਕਹਿੰਦੀਆਂ ਹਨ, "ਸੋ ਤੁਸੀਂ ਪਰਮੇਸ਼ੁਰ ਦਿਆਂ ਚੁਣਿਆਂ ਹੋਇਆਂ ਵਾਂਙੁ ਜਿਹੜੇ ਪਵਿੱਤਰ ਅਤੇ ਪਿਆਰੇ ਹਨ ਰਹਿਮ ਦਿਲੀ, ਦਿਆਲਗੀ, ਅਧੀਨਗੀ, ਨਰਮਾਈ ਅਤੇ ਧੀਰਜ ਨੂੰ ਪਹਿਨ ਲਓ ਅਤੇ ਜੇ ਕੋਈ ਕਿਸੇ ਉੱਤੇ ਗਿਲਾ ਰੱਖਦਾ ਹੋਵੇ ਤਾਂ ਇੱਕ ਦੂਜੇ ਦੀ ਸਹਿ ਲਵੇ।"

*ਉਨ੍ਹਾਂ ਨੂੰ ਦਿਲਾਸਾ ਦੇਣ ਵਾਲੇ ਵਚਨ ਲਵੋ ਅਤੇ ਉਨ੍ਹਾਂ ਦਾ ਧਿਆਨ ਵਚਨ ਵਿਚ ਦਿੱਤੇ ਵਾਅਦਿਆਂ ਵੱਲ ਲੈ ਕੇ ਜਾਓ।* ਅੱਯੂਬ ਦੇ ਤਿੰਨ ਮਿੱਤਰਾਂ ਨੇ ਆਪਣੇ ਟੁੱਟੇ ਮਿੱਤਰ ਨੂੰ ਦਿਲਾਸਾ ਦੇਣ ਦੀ ਬਜਾਇ ਭਾਸ਼ਣ ਦਿੱਤਾ ਸੀ। ਅੱਯੂਬ ਲਈ ਇਹ ਬਹੁਤ ਲਾਭਕਾਰੀ ਹੁੰਦਾ ਜੇ ਉਸ ਦੇ ਮਿੱਤਰ ਉਸ ਦਾ ਧਿਆਨ "ਸਰਬ ਦਿਲਾਸੇ ਦੇ ਪਰਮੇਸ਼ੁਰ" ਵੱਲ ਲੈ ਕੇ ਗਏ ਹੁੰਦੇ (2 ਕੁਰਿੰਥੀਆਂ 1:3; ਵੇਖੋ ਜ਼ਬੂਰਾਂ 86:15; 103:4; 119:156; 145:8)। ਦਿਲਾਸਾ ਦੇਣ ਵਾਲੇ ਹੋਣ ਦੇ ਨਾਤੇ, ਸਾਡੇ ਕੋਲ ਪਰਮੇਸ਼ੁਰ ਦੇ ਪੂਰੇ ਵਚਨ ਦੀ ਪਹੁੰਚ ਹੈ ਅਤੇ ਅਸੀਂ ਉਨ੍ਹਾਂ ਲੋਕਾਂ ਲਈ ਦਿਲਾਸਾ ਦੇਣ ਵਾਲੇ ਵਚਨਾਂ ਨੂੰ ਪੜ੍ਹ ਸਕਦੇ ਹਾਂ ਜਿਹੜੇ ਆਤਮਾ ਵਿਚ ਟੁੱਟੇ ਹੋਏ ਹਨ। ਜ਼ਬੂਰ 34:18-22 ਵਿਚ, ਦਾਊਦ ਨੇ ਕਿਹਾ, "ਯਹੋਵਾਹ ਟੁੱਟੇ ਦਿਲ ਵਾਲਿਆਂ ਦੇ ਨੇੜੇ ਹੈ ਅਤੇ ਕੁਚਲਿਆਂ ਆਤਮਾਂ ਵਾਲਿਆਂ ਨੂੰ ਬਚਾਉਂਦਾ ਹੈ। ਧਰਮੀ ਉੱਤੇ ਬਹੁਤ ਸਾਰੀਆਂ ਮੁਸੀਬਤਾਂ ਪੈਂਦੀਆਂ ਹਨ, ਪਰ ਯਹੋਵਾਹ ਉਨ੍ਹਾਂ ਸਭਨਾਂ ਤੋਂ ਉਸ ਨੂੰ ਛੁਡਾਉਂਦਾ ਹੈ। ... ਅਤੇ ਉਸ ਦੇ ਸਾਰੇ ਸ਼ਰਨਾਰਥੀਆਂ ਵਿੱਚੋਂ ਕੋਈ ਦੋਸ਼ੀ ਨਹੀਂ ਠਹਿਰੇਗਾ।" ਇਹ ਜਾਣ ਕੇ ਸਾਨੂੰ ਬਹੁਤ ਦਿਲਾਸਾ ਮਿਲਦਾ ਹੈ ਕਿ ਪਰਮੇਸ਼ੁਰ ਟੁੱਟੇ ਦਿਲ ਵਾਲਿਆਂ ਦੇ ਨੇੜੇ ਹੈ। ਜ਼ਬੂਰ 147:3 ਕਹਿੰਦੀ ਹੈ, "ਉਹ ਟੁੱਟੇ ਦਿਲਾਂ ਨੂੰ ਚੰਗਾ ਕਰਦਾ ਹੈ ਅਤੇ ਉਨ੍ਹਾਂ ਦੇ ਸੋਗਾਂ ਉੱਤੇ ਪੱਟੀ ਬੰਨ੍ਹਦਾ ਹੈ।" ਇਹ ਜਾਣ ਕੇ ਬਹੁਤ ਦਿਲਾਸਾ ਮਿਲਿਆ ਕਿ ਟੁੱਟੇ ਦਿਲ ਵਾਲਿਆਂ ਦੀ ਪਹੁੰਚ ਮਹਾਨ ਡਾਕਟਰ ਕੋਲ ਹੈ ਜਿਹੜਾ ਉਨ੍ਹਾਂ ਦੇ ਸੋਗ ਨੂੰ ਸਮਝਦਾ ਹੈ। ਯਸਾਯਾਹ ਦੀ ਨਬੂਵਤ ਸਾਨੂੰ ਯਾਦ ਦਿਵਾਉਂਦੀ ਹੈ ਕਿ ਯਿਸੂ "ਇੱਕ ਦੁਖੀਆ ਮਨੁੱਖ, ਸੋਗ ਦਾ ਜਾਣੂ" ਸੀ (ਯਸਾਯਾਹ 53:3)। ਇਬਰਾਨੀਆਂ ਦੇ ਲੇਖਕ ਨੇ ਕਿਹਾ ਕਿ ਪਰਮੇਸ਼ੁਰ ਸਾਨੂੰ "ਕਦੇ ਨਾ ਛੱਡੇਗਾ" ਜਾਂ "ਨਾ ਕਦੇ ਤਿਆਗੇਗਾ" (ਇਬਰਾਨੀਆਂ 13:5)। ਪਹਾੜੀ ਉਪਦੇਸ਼ ਵਿਚ, ਯਿਸੂ ਨੇ ਉਨ੍ਹਾਂ ਉੱਤੇ ਇਕ ਬਰਕਤ ਦਾ ਐਲਾਨ ਕੀਤਾ ਸੀ ਜਿਹੜੇ ਦਿਲ ਦੇ ਗ਼ਰੀਬ ਹਨ ਅਤੇ ਜਿਹੜੇ ਸੋਗ ਕਰਦੇ ਹਨ (ਮੱਤੀ 5:3, 4)।

ਜਦੋਂ ਅਸੀਂ ਟੁੱਟੇ ਦਿਲ ਵਾਲੇ ਲੋਕਾਂ ਨੂੰ ਸਲਾਹ ਦੇਣ ਦੀ ਕੋਸ਼ਿਸ਼ ਕਰਦੇ ਹਾਂ, ਸਾਨੂੰ ਉਨ੍ਹਾਂ ਨੂੰ ਦਿਲਾਸਾ ਦੇਣ ਵਾਲੇ ਵਚਨਾਂ ਵੱਲ ਲੈ ਕੇ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਵਚਨਾਂ ਦੇ ਨਾਲ ਉਤਸ਼ਾਹ ਦੇਣਾ ਚਾਹੀਦਾ ਹੈ। ਪੌਲੁਸ ਨੇ ਬਹੁਤ ਸਾਰੀਆਂ ਮੁਸੀਬਤਾਂ ਝੱਲੀਆਂ ਸਨ (2

ਕੁਰਿੰਥੀਆਂ 11:23-33), ਪਰ ਉਸ ਨੇ ਉਨ੍ਹਾਂ ਨੂੰ ਉਸ ਨੂੰ ਹਰਾਉਣ ਨਹੀਂ ਦਿੱਤਾ। ਭਰੋਸੇ ਅਤੇ ਆਸ ਦੇ ਨਾਲ, ਉਸ ਨੇ ਲਿਖਿਆ,

> ਉਪਰੰਤ ਜਦੋਂ ਅਸਾਂ ਇਹ ਸੇਵਕਾਈ ਪਾਈ ਹੈ ਤਾਂ ਜਿਵੇਂ ਸਾਡੇ ਉੱਤੇ ਦਯਾ ਹੋਈ ਅਸੀਂ ਹੌਸਲਾ ਨਹੀਂ ਹਾਰਦੇ ... ਅਸੀਂ ਸਭ ਪਾਸਿਓਂ ਕਸ਼ਟ ਵਿੱਚ ਹਾਂ ਪਰ ਮਿੱਧੇ ਨਹੀਂ ਗਏ, ਦੁਬਧਾ ਵਿੱਚ ਹਾਂ ਪਰ ਹੱਦੋਂ ਵਧ ਨਹੀਂ, ਸਤਾਏ ਜਾਂਦੇ ਹਾਂ ਪਰ ਇਕੱਲੇ ਨਹੀਂ ਛੱਡੇ ਜਾਂਦੇ, ਡੇਗੇ ਜਾਂਦੇ ਹਾਂ ਪਰ ਨਾਸ ਨਹੀਂ ਹੁੰਦੇ ... ਭਾਵੇਂ ਸਾਡੀ ਬਾਹਰਲੀ ਇਨਸਾਨੀਅਤ ਨਾਸ ਹੁੰਦੀ ਜਾਂਦੀ ਹੈ ਪਰ ਅੰਦਰਲੀ ਇਨਸਾਨੀਅਤ ਦਿਨੋ ਦਿਨ ਨਵੀਂ ਹੁੰਦੀ ਜਾਂਦੀ ਹੈ ਕਿਉਂ ਜੋ ਸਾਡਾ ਹੌਲਾ ਜਿਹਾ ਕਸ਼ਟ ਜਿਹੜਾ ਛਿੰਨ ਭਰ ਦਾ ਹੀ ਹੈ ਭਾਰੀ ਸਗੋਂ ਅੱਤ ਭਾਰੀ ਅਤੇ ਸਦੀਪਕ ਵਡਿਆਈ ਨੂੰ ਸਾਡੇ ਲਈ ਤਿਆਰ ਕਰਦਾ ਹੈ। ਅਸੀਂ ਦਿੱਸਣ ਵਾਲੀਆਂ ਵਸਤਾਂ ਨੂੰ ਤਾਂ ਨਹੀਂ ਸਗੋਂ ਅਣਡਿੱਠ ਵਸਤਾਂ ਵੱਲ ਧਿਆਨ ਕਰਦੇ ਹਾਂ ਕਿਉਂ ਜੋ ਦਿੱਸਣ ਵਾਲੀਆਂ ਵਸਤਾਂ ਅਨਿੱਤ ਹਨ ਪਰ ਅਣਡਿੱਠ ਵਸਤਾਂ ਨਿੱਤ ਹਨ। ਅਸੀਂ ਜਾਣਦੇ ਹਾਂ ਭਈ ਜੇ ਸਾਡਾ ਤੰਬੂ ਜਿਹਾ ਘਰ ਜਿਹੜਾ ਧਰਤੀ ਤੇ ਹੈ ਢਹਿ ਪਵੇ ਤਾਂ ਪਰਮੇਸ਼ੁਰ ਤੋਂ ਇੱਕ ਘਰ ਸਾਨੂੰ ਮਿਲੇਗਾ ਜੋ ਬਿਨਾ ਹੱਥ ਲਾਏ ਅਟੱਲ ਅਤੇ ਸੁਰਗ ਵਿੱਚ ਬਣਿਆ ਹੈ। ਕਿਉਂ ਜੋ ਇਸ ਵਿੱਚ ਅਸੀਂ ਤਾਂ ਹਾਉਕੇ ਭਰਦੇ ਹਾਂ ਅਤੇ ਤਰਸਦੇ ਹਾਂ ਭਈ ਆਪਣੇ ਵਸੇਰੇ ਨੂੰ ਜਿਹੜਾ ਸੁਰਗੋਂ ਹੈ ਉਦਾਲੇ ਲੈ ਲਈਏ ਕਿਉਂ ਜੋ ਅਸੀਂ ਜਿਹੜੇ ਇਸ ਤੰਬੂ ਵਿੱਚ ਹਾਂ ਭਾਰ ਦੇ ਹੇਠ ਦੱਬੇ ਹੋਏ ਹਾਉਕੇ ਭਰਦੇ ਹਾਂ ... ਸੋ ਅਸੀਂ ਸਦਾ ਹੌਸਲਾ ਰੱਖਦੇ ਅਤੇ ਜਾਣਦੇ ਹਾਂ ਭਈ ਜਿੰਨਾ ਚਿਰ ਅਸੀਂ ਦੇਹੀ ਦੇ ਘਰ ਵਿੱਚ ਹਾਂ ਉੱਨਾ ਚਿਰ ਪ੍ਰਭੂ ਤੋਂ ਵਿਛੜੇ ਹੋਏ ਹਾਂ (2 ਕੁਰਿੰਥੀਆਂ 4:1-5:6)।

*ਉਨ੍ਹਾਂ ਨੂੰ ਯਾਦ ਦਿਵਾਓ ਕਿ ਸਾਡੀ ਜ਼ਿੰਦਗੀ ਦੀ ਕਹਾਣੀ ਦਾ ਅੰਤਮ ਅਧਿਆਇ ਅਜੇ ਲਿਖਿਆ ਨਹੀਂ ਗਿਆ ਹੈ।* ਅੱਯੂਬ ਨੇ ਰਾਹਤ ਲਈ ਪ੍ਰਾਰਥਨਾ ਕੀਤੀ ਸੀ ਅਤੇ ਉਸ ਨੂੰ ਕੋਈ ਜਵਾਬ ਨਹੀਂ ਸੀ ਮਿਲਿਆ। ਅੱਯੂਬ ਨੇ ਆਪਣੇ ਮਿੱਤਰਾਂ ਨੂੰ ਚੁਣੌਤੀ ਦਿੱਤੀ ਸੀ ਅਤੇ ਉਨ੍ਹਾਂ ਦੀਆਂ ਦਲੀਲਾਂ ਸੁਣੀਆਂ ਸਨ, ਪਰ ਇਨ੍ਹਾਂ ਵਿੱਚੋਂ ਕਿਸੇ ਨੇ ਉਸ ਦੀ ਮਦਦ ਨਹੀਂ ਕੀਤੀ। ਅੱਯੂਬ ਫਿਰ ਨਿਰਾਸ਼ਾ ਦੀ ਡੂੰਘਾਈ ਵਿਚ ਡੁੱਬ ਗਿਆ ਅਤੇ ਇਸ ਟੁੱਟੇ ਮਨੁੱਖ ਨੇ ਇੱਥੇ ਚਾਰ ਪ੍ਰਸ਼ਨਾਂ ਨਾਲ ਆਪਣਾ ਵਾਰਤਾਲਾਪ ਖਤਮ ਕੀਤਾ। ਅੱਯੂਬ ਨੇ ਪੁੱਛਿਆ, "ਤਾਂ ਮੇਰੀ ਆਸ਼ਾ ਫੇਰ ਕਿੱਥੇ ਹੈ? ਮੇਰੀ ਆਸ਼ਾ ਕੌਣ ਵੇਖੇਗਾ? ਉਹ ਪਤਾਲ ਦਿਆਂ ਅਰਲਾਂ ਵਿੱਚ ਉਤਰ ਜਾਵੇਗੀ? ਜਦ ਅਸੀਂ ਇਕੱਠੇ ਖ਼ਾਕ ਵਿੱਚ ਅਰਾਮ ਪਾਵਾਂਗੇ?" (17:15, 16)। ਕਿਉਂਕਿ ਅੱਯੂਬ ਨੇ ਆਪਣੀ ਦੁਚਿੱਤੀ ਦਾ ਕਈ ਤਸੱਲੀਬਖਸ਼ ਜਵਾਬ ਨਹੀਂ ਸੁਣਿਆ ਸੀ, ਨਾ ਹੀ ਉਸ ਤੇ ਉਸ ਦੇ ਮਿੱਤਰਾਂ ਵੱਲੋਂ ਤਰਸ ਕੀਤਾ ਗਿਆ ਸੀ, ਇਸ ਲਈ ਅੱਯੂਬ ਨੇ ਸੰਕੇਤ ਦਿੱਤਾ ਕਿ ਉਸ ਦੀਆਂ ਪਰੀਖਿਆਵਾਂ ਦੇ ਜਵਾਬ ਮੌਤ ਅਤੇ ਕਬਰ ਵਿਚ ਮਿਲ ਸਕਦੇ ਹਨ। ਅਧਿਆਇ ਇਕ ਦੁਖੀ ਟਿੱਪਣੀ ਅਤੇ ਅੱਯੂਬ ਦੁਆਰਾ ਹਾਲੇ ਵੀ ਉਸ ਦੀ ਬਦਕਿਸਮਤੀ ਬਾਰੇ ਸਵਾਲ ਨਾਲ ਖਤਮ ਹੁੰਦਾ ਹੈ; ਉਸ ਦੇ ਮਿੱਤਰ ਅਜੇ ਵੀ ਸਖਤ ਦਿਲ, ਠੰਡੇ ਅਤੇ ਕਠੋਰ ਹਨ। ਬਾਈਬਲ ਵਿਚ, ਜਾਂ ਜ਼ਿੰਦਗੀ ਵਿਚ ਸਾਰੇ ਅਧਿਆਇ ਚੰਗੇ ਅਤੇ ਸਾਫ਼-ਸੁਥਰੇ ਵਾਕ "ਉਹ ਬਾਅਦ ਵਿਚ ਖੁਸ਼ੀ-ਖੁਸ਼ੀ ਜ਼ਿੰਦਗੀ ਬਤੀਤ ਕਰਨ ਲੱਗੇ" ਨਾਲ ਖਤਮ ਨਹੀਂ ਹੁੰਦੇ। ਆਪਣੀ ਕਹਾਣੀ ਦੇ ਖਤਮ ਹੋਣ ਤੋਂ ਪਹਿਲਾਂ ਅੱਯੂਬ ਨੂੰ ਬਹੁਤ ਕੁਝ ਸਹਿਣ ਦੀ ਲੋੜ ਸੀ। ਪਰ, ਅੱਯੂਬ ਦੇ ਜੀਵਨ ਦਾ ਅੰਤਮ ਅਧਿਆਇ ਨਹੀਂ ਲਿਖਿਆ ਗਿਆ ਸੀ ਅਤੇ ਪਰਮੇਸ਼ੁਰ ਆਖ਼ਰਕਾਰ ਅੱਯੂਬ ਦੀ ਵਫ਼ਾਦਾਰੀ ਨੂੰ ਬਰਕਤ ਦੇਵੇਗਾ।

ਅਸੀਂ ਸਾਰੇ ਸ਼ਾਇਦ ਉਨ੍ਹਾਂ ਹੋਰ ਲੋਕਾਂ ਨੂੰ ਜਾਣਦੇ ਹਾਂ ਜਿਹੜੇ ਇਸ ਸਮੇਂ ਸਖ਼ਤ ਦੌਰ ਵਿੱਚੋਂ ਗੁਜਰ ਰਹੇ ਹਨ। ਜਦੋਂ ਸਾਨੂੰ ਉਨ੍ਹਾਂ ਨੂੰ ਸਲਾਹ ਦੇਣ ਅਤੇ ਦਿਲਾਸਾ ਦੇਣ ਦਾ ਮੌਕਾ ਮਿਲਦਾ ਹੈ,

**ਤਾਂ ਸਾਨੂੰ ਉਨ੍ਹਾਂ ਨੂੰ ਯਾਦ ਕਰਾਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਜੀਵਨ ਦਾ ਅੰਤਮ ਅਧਿਆਇ ਅਜੇ ਲਿਖਿਆ ਨਹੀਂ ਗਿਆ ਹੈ। ਸਾਨੂੰ ਉਨ੍ਹਾਂ ਨੂੰ ਯਾਦ ਕਰਾਉਣਾ ਚਾਹੀਦਾ ਹੈ ਕਿ ਪਰਮੇਸ਼ੁਰ ਆਪਣੇ ਤਾਲਿਬਾਂ ਦਾ ਫਲ-ਦਾਤਾ ਹੈ (ਇਬਰਾਨੀਆਂ 11:6) ਅਤੇ ਯਿਸੂ ਵਫ਼ਾਦਾਰਾਂ ਨੂੰ "ਜੀਵਨ ਦਾ ਮੁਕਟ" ਦੇਵੇਗਾ (ਪਰਕਾਸ਼ ਦੀ ਪੋਥੀ 2:10)।**

**ਐਫ. ਮਿਲਸ**

---

## ਟਿੱਪਣੀਆਂ

[1]ਵਿਲੀਅਮ ਡੀ. ਰੀਬਰਨ, *ਏ ਹੈਂਡਬੁਕ ਆਨ ਦ ਬੁਕ ਆਫ਼ ਅੱਯੂਬ* (ਨਿਊ ਯਾਰਕ: ਯੂਨਾਈਟਡ ਬਾਈਬਲ ਸੋਸਾਇਟੀਜ, 1992), 322. [2]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 268. [3]ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਸਟੱਡੀ ਐਡੀਸ਼ਨ, ਅਨੁਵਾਦ ਅਤੇ ਸੰਪਾਦਨ ਐਮ. ਈ. ਜੇ. ਰਿਚਰਡਸਨ (ਬੋਸਟਨ: ਬਰਿੱਲ, 2001), 1:720. [4]ਰੌਬਰਟ ਐਲ. ਐਲਡਨ, *ਅੱਯੂਬ*, ਦ ਨਿਊ ਅਮੈਰੀਕਨ ਕਮੈਂਟਰੀ (ਐੱਨ.ਪੀ.: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 1993), 191. [5]ਹਾਰਟਲੀ, 269-70. [6]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ., 1994), 160-61. [7]ਕੋਹਲਰ ਅਤੇ ਬਾਉਮਗਾਰਟਨਰ, 2:1241.